ਅੱਜਦੀ ਆਵਾਜ਼ epaper.ajdiawaaz.in
23 Aug 2024 - PAGE 10

ਸਕ ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕਈ ਤਰ੍ਹਾਂ ਦੇ ਸਾਹਿਤਕ ਤੇ ਹਰ ਪ੍ਰੋਗਰਾਮਾਂ ਅਰਪਣਾ ਨੇ ਭਾਗ ਲਿਆ।

# ਦ ਨੌਰਵੁੱਡ ਸਕੂਲ, ਚਾਹਲ ਨੂੰ ਮਿਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਪੰਜਾਬ ਕ੍ਰਿਕਟ ਐਸੋਸੀਏਸ਼ਨ) ਦੀ ਮਾਨਤਾ

**ਬਲਾਚੌਰ • ਸਮਰਦੀਪ ਸਿੰਘ**

ਦ ਨੌਰਵੁੱਡ ਸਕੂਲ, ਚਾਹਲ ਵਿੱਖੇ ਜਿਲ੍ਹਾ ਕ੍ਰਿਕਟ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪ੍ਰਵੀਨ ਸਰੀਨ ਜਨਰਲ ਸੈਕਟਰੀ, ਤੇਜ ਪਾਲ ਜੁਆਇਟ ਸੈਕਟਰੀ, ਰਾਜਨ ਅਰੋੜਾ ਵਾਇਸ ਪ੍ਰਧਾਨ, ਰਜਨੀਸ਼ ਗੁਪਤਾ ਵਾਇਸ ਪ੍ਰਧਾਨ ਤੇ ਕੋਚ ਜਤਿਨ ਸਾਧਰਾ ਤੇ ਕਰਨ ਕੁਮਾਰ ਨੇ ਸਕੂਲ ਦਾ ਦੌਰਾ ਕੀਤਾ ਤੇ ਖੇਡ ਗਰਾਊਂਡ ਦਾ ਨਿਰੀਖਣ ਕਰਕੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਮਿਲ ਰਹੀਆਂ ਸੁਵਿਧਾਵਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ। ਕੋਚ ਕਰਨ ਕੁਮਾਰ ਤੇ ਜਤਿਨ ਸਾਧਰਾ ਜੀ ਨੇ ਅੰਡਰ-14 ਤੇ ਅੰਡਰ-17 ਵਾਲੇ ਬੱਚਿਆਂ ਦੇ ਟਰਾਇਲ ਲਏ ਤੇ ਕੁੱਝ ਬੱਚਿਆਂ ਦੀ ਜਿਲ੍ਹਾ ਕ੍ਰਿਕਟ ਟੀਮ ਲਈ ਵੀ ਚੋਣ ਕੀਤੀ। ਪ੍ਰਵੀਨ ਸਰੀਨ ਤੇ ਰਜਨੀਸ਼ ਗੁਪਤਾ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਕੇ ਆਪਣੇ ਡਿਪਾਰਟਮੈਂਟ ਵੱਲੋਂ ਹਰ ਤਰਾਂ ਦੀ ਸੰਭਵ ਮਦਦ ਦਾ ਭਰੋਸਾ ਦਿੱਤਾ ਤੇ ਦ ਨੌਰਵੁੱਡ ਸਕੂਲ ਨੂੰ ਜਿਲ੍ਹਾ ਕ੍ਰਿਕਟ ਐਸੋਸੀਏਸ਼ਨ (ਪੰਜਾਬ ਕ੍ਰਿਕਟ ਐਸੋਸੀਏਸ਼ਨ) ਵੱਲੋਂ ਮਿਲੀ ਮਾਨਤਾ ਦੀ ਘੋਸ਼ਣਾ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਮੋਹਿਤ ਕੁਮਾਰ, ਸਤਨਾਮ ਜਲਾਲਪੁਰ, ਡਾਇਰੈਕਟਰ ਪੂਜਾ ਚੌਧਰੀ ਤੇ ਪ੍ਰਿੰਸੀਪਲ ਰਵਿੰਦਰ ਸਿੰਘ ਭਨੈਟ ਮੌਜੂਦ ਸਨ ਜਿਨ੍ਹਾਂ ਨੇ ਆਏ ਹੋਏ ਮੈਂਬਰਾ ਦਾ ਧੰਨਵਾਦ ਕੀਤਾ।

